# ਰਾਜ ਵਿਦਿਅਕ ਖ਼ੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ

Azadi Ka Amrit Mahotsav

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ, ਮੋਹਾਲੀ,

ਈਮੇਲ: directorscert@punjabeducation.gov.in, ਫੋਨ ਨੰ: 0172-2212221


---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)

ਸਮੂਹ ਸਕੂਲ ਮੁਖੀ (ਜ਼ਿਲ੍ਹਾ ਲੁਧਿਆਣਾ)

ਮੀਮੋ ਨੰ: SCERT/SCI/2022289123 ਮਿਤੀ: 09.11.2022

**ਵਿਸ਼ਾ: ਵਾਤਾਵਰਨ ਸੰਭਾਲ ਮੇਲਾ 2022 (Environment Conservation Fair 2022) ਸੰਬੰਧੀ।**

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

**2.0** ਮਿਤੀ 25 ਨਵੰਬਰ, 2022 ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਗੁਰੂ ਨਾਨਕ ਦੇਵ ਇੰਜਨੀਅਰਿੰਗ ਕਾਲਜ, ਲੁਧਿਆਣਾ ਦੇ ਸਹਿਯੋਗ ਨਾਲ ਜੀ.ਐਨ.ਈ., ਲੁਧਿਆਣਾ ਦੇ ਕੈਂਪਸ ਵਿੱਚ ਵਾਤਾਵਰਨ ਦੀ ਸੰਭਾਲ ਦੇ ਵਿਸ਼ੇ 'ਤੇ ਇੱਕ ਰਾਜ ਪੱਧਰੀ ਵਿਗਿਆਨ ਮਾਡਲ ਮੁਕਾਬਲਾ ਆਯੋਜਿਤ ਕੀਤਾ ਜਾ ਰਿਹਾ ਹੈ।

**3.0** ਇਸ ਮੁਕਾਬਲੇ ਵਿੱਚ ਹਰੇਕ ਜ਼ਿਲ੍ਹੇ ਵਿੱਚੋਂ ਇੱਕ-ਇੱਕ ਐਂਟਰੀ ਭੇਜੀ ਜਾਣੀ ਹੈ। ਜੇਤੂਆਂ ਨੂੰ ਸਰਟੀਫਿਕੇਟਾਂ ਦੇ ਨਾਲ ਨੱਥੀ ਪੱਤਰ ਅਨੁਸਾਰ ਨਕਦ ਇਨਾਮ ਵੀ ਦਿੱਤੇ ਜਾਣਗੇ।

**4.0** ਇਨਾਮੀ ਰਾਸ਼ੀ ਦਾ ਅੱਧਾ ਹਿੱਸਾ ਜੇਤੂ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਅਤੇ ਬਾਕੀ ਅੱਧਾ ਹਿੱਸਾ ਸਕੂਲ ਨੂੰ ਦਿੱਤਾ ਜਾਵੇਗਾ।ਇਸ ਤੋਂ ਇਲਾਵਾ ਬਾਕੀ ਸਾਰੇ ਪ੍ਰਤੀਭਾਗੀਆਂ ਨੂੰ 1000/- ਰੁਪਏ ਦਿੱਤੇ ਜਾਣਗੇ।

**5.0** ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਵੱਲੋਂ ਜ਼ਿਲ੍ਹਾ ਲੁਧਿਆਣਾ ਦੇ ਵਿਗਿਆਨ/ਖੇਤੀਬਾੜੀ ਅਧਿਆਪਕਾਂ ਨੂੰ ਵੀ ਮੇਲੇ ਵਿੱਚ ਭਾਗ ਲੈਣ ਲਈ ਹਦਾਇਤ ਕੀਤੀ ਜਾਵੇ। **ਬਾਕੀ ਜ਼ਿਲ੍ਹਿਆਂ** ਦੇ ਵਿਗਿਆਨ/ ਖੇਤੀਬਾੜੀ ਅਧਿਆਪਕ ਵੀ ਆਪਣੀ ਸਹੂਲਤ ਅਨੁਸਾਰ ਇਸ ਮੁਕਾਬਲੇ ਵਿੱਚ ਭਾਗ ਲੈ ਸਕਦੇ ਹਨ।

**6.0** ਸ੍ਰੀ ਚਰਨਦੀਪ ਸਿੰਘ (ਮੋਬ ਨੰ: 9501800708) ਇਸ ਸਮਾਗਮ ਦੇ ਕੋਆਰਡੀਨੇਟਰ ਹੋਣਗੇ ਅਤੇ ਕਿਸੇ ਵੀ ਸਵਾਲ ਅਤੇ ਸ਼ਮੂਲੀਅਤ ਦੀ ਪੁਸ਼ਟੀ ਲਈ 20-11-2022 ਤੱਕ ਸ੍ਰੀ ਚਰਨਦੀਪ ਸਿੰਘ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**7.0** ਸੰਬੰਧਤ ਪੱਤਰ ਨਾਲ ਨੱਥੀ ਹੈ ਜੀ।

**(ਮਨਿੰਦਰ ਸਿੰਘ ਸਰਕਾਰੀਆ) ਡਾਇਰੈਕਟਰ**

**ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।**

ਪਿੱਠ ਅੰਕਣ ਨੰਬਰ: ਉੱਕਤ ਮਿਤੀ: 09.11.2022

ਉਪਰੋਕਤ ਦਾ ਉਤਾਰਾ ਸਬੰਧਤਾਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

9/11/2022

**ਸਹਾਇਕ ਡਾਇਰੈਕਟਰ**

**ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।**